ਸੋਮਵਾਰ
4, ਜਨਵਰੀ 2010
22 ਪੋਹ ਨਾਨਕਸ਼ਾਹੀ 541
ਜਲੰਧਰ
ਅੰਕ ਨੰ 264, ਸਾਲ 25
Postal
Regd. No.
PB/0007/09-2011

ਅੱਜ ਦੀ ਆਵਾਜ਼

ਕੀਮਤ 2 ਰੁਪਏ

Do Direct, 10Th, +2, B.A., B.Com, BCA, BBA, MBA, MCA, Msc-IT, All ITI Diplomas,
ਵੈਟਰਨਰੀ ਫਾਰਮੇਸੀ ਦਾ 2 ਸਾਲਾਂ ਕੋਰਸ, ਮਾਨਤਾ ਪ੍ਰਾਪਤ ਯੂਨੀਵਰਸਿਟੀ ਵੱਲੋਂ ਤੇ ਸਰਕਾਰੀ ਨੌਕਰੀ ਲਈ ਮਾਨਤਾ ਪ੍ਰਾਪਤ।
ਨੋਟ : ਇੱਕ ਸਾਲ ਵਿੱਚ B.A. ਕਰੋ ਪੇਪਰ ਦਸੰਬਰ, 2009
ਸੰਪਰਕ ਕਰੋ
99886-07120

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com

ਸ਼ਹਿਰ ਤੇ ਆਸ-ਪਾਸ
ਸਿਹਤਮੰਦ ਸਮਾਜ ਲਈ ਮਾਂ ਤੇ ਬੱਚੇ ਦਾ ਤੰਦਰੁਸਤ... 3

ਸੰਪਾਦਕੀ
ਅਹੁਦੇ ਅਤੇ ਤਾਕਤ ਦੀ ਦੁਰਵਰਤੋਂ ... 4

ਦੇਸ਼ ਦੁਨੀਆ
ਲਾਲ ਚੰਦ ਯਮਲਾ ਜੱਟ ਅਤੇ ਜਨਾਬ ਜਸਵੰਤ ਭੰਵਰਾ ... 8

ਨਾਨਕਸ਼ਾਹੀ ਕੈਲੰਡਰ ’ਚ ਸੋਧ ਨੂੰ ਹਰੀ ਝੰਡੀ

ਅੰਮ੍ਰਿਤਸਰ, 3 ਜਨਵਰੀ (ਮੋਤਾ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵੱਲੋਂ ਬਹੁਸੰਮਤੀ ਨਾਲ ਨਾਨਕਸ਼ਾਹੀ ਕੈਲੰਡਰ ਵਿੱਚ ਸੋਧਾਂ ਨੂੰ ਪ੍ਰਵਾਨਗੀ ਦੇਣ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਲਈ ਹੁਣ ਸੋਧਾਂ ਵਾਲਾ ਨਾਨਕਸ਼ਾਹੀ ਕੈਲੰਡਰ ਨਵੇਂ ਸਿਰਿਓਂ ਲਾਗੂ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਅੱਜ ਇੱਥੇ ਗੁਰੂ ਨਾਨਕ ਨਿਵਾਸ ਵਿਖੇ ਸ਼੍ਰੋਮਣੀ ਕਮੇਟੀ ਦੇ

ਵਿਰੋਧ ਅਤੇ ਘਿਰਾਓ ਕਰਨ ਵਾਲਿਆਂ ਦੀਆਂ ਧਮਕੀਆਂ ਤੋਂ ਨਹੀਂ ਡਰਾਂਗੇ-ਮੱਕੜ

ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮਹੱਤਵਪੂਰਨ ਮੀਟਿੰਗ ਵਿੱਚ ਕਾਰਜਕਾਲ ਦੇ ਤਿੰਨ ਮੈਂਬਰਾਂ ਵੱਲੋਂ ਜਬਰਦਸਤ ਵਿਰੋਧ ਅਤੇ ਮੀਟਿੰਗ ਦਾ ਬਾਈਕਾਟ ਕਰਨ ਦੇ ਬਾਵਜੂਦ ਅਕਾਲੀ ਦਲ (ਬਾਦਲ) ਦੀ ਸੱਤਾਧਾਰੀ ਪਾਰਟੀ ਜਿਸ ਦਾ ਸ਼੍ਰੋਮਣੀ ਕਮੇਟੀ ’ਤੇ ਵੀ ਕਬਜ਼ਾ ਹੈ, ਸੋਧਾਂ ਨੂੰ ਬਹੁ-ਸੰਮਤੀ ਨਾਲ ਪਾਸ ਕਰ ਦਿੱਤਾ। ਵਿਰੋਧ ਕਰਨ ਵਾਲੇ ਕਾਰਜਕਾਰਨੀ ਦੇ ਤਿੰਨ ਮੈਂਬਰਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ੍ਰ. ਸੁਖਦੇਵ ਸਿੰਘ ਭੌਰ, ਸ੍ਰ. ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਰਵਿੰਦਰ ਕੌਰ ਸ਼ਾਮਲ ਹਨ। ਮੀਟਿੰਗ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜੋ ਸੋਧਾਂ ਸੰਬੰਧੀ ਖਰੜਾ ਕਾਰਜਕਾਰਨੀ ਕੋਲ ਆਇਆ ਸੀ, ਉਸ ਨੂੰ ਮੈਂਬਰਾਂ ਦੀ ਬਹੁਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਸੋਧਾਂ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਵੱਲੋਂ ਘੇਰਾਓ ਦੀ ਧਮਕੀ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਗੁੱਸੇ ਭਰੇ ਲਹਿਜ਼ੇ ਵਿੱਚ ਕਿਹਾ ਕਿ ਇਹ ਧਿਰਾਂ ਕਾਂਗਰਸ ਦੀਆਂ ਏਜੰਟ ਹਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸਰਨਾ ਕਾਂਗਰਸ ਦਾ ਐਲਾਨੀਆ ਅਤੇ ਸਭ ਤੋਂ ਵੱਡਾ ਏਜੰਟ ਹੈ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਦੋ ਤਖਤਾਂ ਦੇ ਸਿੰਘ ਸਾਹਿਬਾਨ ਵੀ ਸੋਧਾਂ ਦੇ ਹੱਕ ਵਿੱਚ ਹਨ, ਪਰ ਪੰਜਾਂ ਤਖਤਾਂ ਨੇ ਇਕੱਠੇ ਹੋ ਕੇ ਜੋ ਕੌਮ ਲਈ ਫੈਸਲਾ ਕਰਨਾ ਹੈ, ਉਹ ਸੋਧਾਂ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਹਨ, ਸੋਧਾਂ ਦਾ ਵਿਰੋਧ ਕਰਨ ਵਾਲੇ ਅਕਾਲ ਤਖਤ ਸਾਹਿਬ ਦੇ ਵਿਰੋਧੀ ਹਨ। ਸੋਧਾਂ ਅਨੁਸਾਰ ਹੁਣ 12 (ਬਾਕੀ ਸਫਾ 2 ’ਤੇ)

ਹਾਕੀ ਇੰਡੀਆ ਪੰਜਾਬ ਦੇ ਹਾਕੀ ਖਿਡਾਰੀਆਂ ਦੇ ਭਵਿੱਖ ਨਾਲ ਖੇਡ ਰਹੀ- ਸੁਖਬੀਰ ਬਾਦਲ

ਚੰਡੀਗੜ੍ਹ 3 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਉਪ-ਮੁੱਖ ਮੰਤਰੀ ਅਤੇ ਹਾਕੀ ਪੰਜਾਬ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਵਿੱਚ ਹਾਕੀ ਦੀ ਖੇਡ ਨੂੰ ਚਲਾਉਣ ਲਈ ਚੁਣੀ ਹੋਈ ਬਾੱਡੀ ਨੂੰ ਗਰਾਂਟ ਦੇਣ ਤੋਂ ਇਨਕਾਰ ਕਰਕੇ ਹਾਕੀ ਇੰਡੀਆ ਪੰਜਾਬ ਦੇ ਖਿਡਾਰਿਆਂ ਦੇ ਭਵਿੱਖ ਨਾਲ ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਹਾਕੀ ਦੇ ਸ਼ਾਨਦਾਰ ਵਿਰਸੇ ਨੂੰ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾ ਲਈ ਇਹ ਵੱਡੀ ਢਾਹ ਹੈ। ਹਾਕੀ ਦੇ ਸ਼ਕਤੀਸ਼ਾਲੀ ਗੜ੍ਹ ਪੰਜਾਬ ਨੂੰ ਕਮਜੋਰ ਕਰ ਕੇ ਦੇਸ਼ ਦੀ ਹਾਕੀ ਨੂੰ ਨੁਕਸਾਨ ਪਹੁੰਚਾਉਣ ਦੀ ਇਹ ਗਿਣੀਮਿੱਥੀ ਸਾਜਿਸ਼ ਪ੍ਰਤੀਤ ਹੁੰਦੀ ਹੈ। ਹਾਕੀ ਪੰਜਾਬ ਵਲੋਂ ਵਾਰ-ਵਾਰ ਲਿਖਤੀ ਅਤੇ ਜ਼ੁਬਾਨੀ ਬੇਨਤੀਆਂ ਦੇ ਬਾਵਜੂਦ ਹਾਕੀ ਇੰਡੀਆ ਨੇ ਹਾਕੀ ਪੰਜਾਬ ਨੂੰ ਮਾਨਤਾ ਦੇਣ ਤੋ ਪਾਸਾ ਵੱਟਿਆ ਹੋਇਆ ਹੈ। ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਦੇ ਨਾਲ ਨਵੀਂ ਦਿੱਲੀ ਵਿਖੇ ਇਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ. ਬਾਦਲ ਨੇ ਹਾਕੀ ਨੂੰ ਚਲਾਉਣ ਵਾਲੀ ਰਾਸ਼ਟਰੀ ਬਾਡੀ ਹਾਕੀ ਇੰਡੀਆ ਦੇ ਤੌਰ ਤਰੀਕੇ ਨੂੰ ਅਜੀਬ ਅਤੇ ਛੜਯੰਤਰਕਾਰੀ ਆਖਿਆ। ਉਨ੍ਹਾਂ ਕਿਹਾ ਕਿ ਰਾਜ ਵਿੱਚ ਹਾਕੀ ਦੇ ਇਸ ਸੰਗਠਨ ਦੇ ਪ੍ਰਤੀ ਇਹ ਪੱਥਰਦਿੱਲੀ ਵਤੀਰਾ ਹਿਲਾ ਦੇਣ ਵਾਲਾ ਹੈ ਕਿਉਕਿ ਪੰਜਾਬ ਨਾ ਸਿਰਫ ਹਾਕੀ ਦੀ ਜਨਮਭੂਮਿ ਹੈ (ਬਾਕੀ ਸਫਾ 2 ’ਤੇ)

ਬਾਰਿਸ਼ ਕਾਰਨ ਠੰਡ ਨੇ ਜ਼ੋਰ ਫੜਿਆ

ਉੱਤਰ ਭਾਰਤ ’ਚ ਧੁੰਦ ਕਾਰਨ ਕਈ ਟ੍ਰੇਨਾਂ ਰੱਦ

ਨਵੀਂ ਦਿੱਲੀ, 3 ਜਨਵਰੀ (ਵਿਸ਼ਵ ਵਾਰਤਾ)-ਉਤਰ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਸੰਘਣੀ ਧੁੰਦ ਛਾਏ ਰਹਿਣ ਕਾਰਨ 13 ਟ੍ਰੇਨਾਂ ਨੂੰ ਅੱਜ ਰੱਦ ਕਰ ਦਿੱਤਾ ਗਿਆ। ਉਤਰ ਰੇਲਵੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਟ੍ਰੇਨਾਂ ਨੂੰ ਰੱਦ ਕਰਨ ਕਾਰਨ ਯਾਤਰੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਅਧਿਕਾਰੀਆਂ ਨੇ ਦੱਸਿਆ ਕਿ ਰੱਦ ਟ੍ਰੇਨਾਂ ਵਿਚ ਮਗਧ ਐਕਸਪ੍ਰੈਸ, ਗੋਮਤੀ ਐਕਸਪ੍ਰੈਸ, ਲਿਛਵੀ ਐਕਸਪ੍ਰੈਸ, ਪ੍ਰਤਾਪਗੜ੍ਹ-ਕਾਨਪੁਰ ਐਕਸਪ੍ਰੈਸ, ਸ਼ਾਨ-ਏ-ਪੰਜਾਬ ਐਕਸਪ੍ਰੈਸ, ਸੀਮਾਂਚਲ ਐਕਸਪ੍ਰੈਸ ਅਤੇ ਨਵੀਂ ਦਿੱਲੀ, ਜਲੰਧਰ ਐਕਸਪ੍ਰੈਸ ਵਰਗੀਆਂ ਟ੍ਰੇਨਾਂ ਸ਼ਾਮਿਲ ਹਨ। ਬੁਲਾਰੇ ਅਨੁਸਾਰ ਇਸ ਤੋਂ ਇਲਾਵਾ ਦਿੱਲੀ ਆਉਣ ਵਾਲੀਆਂ 49 ਟ੍ਰੇਨਾਂ (ਬਾਕੀ ਸਫਾ 2 ’ਤੇ)

ਪਟੀਸ਼ਨ ਦੀ ਸੁਣਵਾਈ ਤੋਂ ਪਹਿਲਾਂ ਹੀ ਭਰਤੀ

ਪੀ. ਟੀ. ਯੂ ਦਾ ਇਕ ਹੋਰ ਕਾਰਨਾਮਾ

ਜਲੰਧਰ, 3 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)-ਪੰਜਾਬ ਤਕਨੀਕੀ ਯੂਨੀਵਰਸਿਟੀ ਵਿੱਚ ਹੋ ਰਹੀ ਭਰਤੀ ਫਿਰ ਵਿਵਾਦਾ ਵਿੱਚ ਘਿਰ ਗਈ ਹੈ। 97 ਅਤੇ 98 ਵਿਚ ਆਏ ਇਸੇ ਤਰ੍ਹਾਂ ਦੀ ਭਰਤੀ ਦੇ ਇਸ਼ਤਿਹਾਰ ਰਾਹੀਂ ਜਿਹੜੇ ਕਰਮਚਾਰੀ ਇਸ ਯੂਨੀਵਰਸਿਟੀ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਨੇ ਹਾਈਕੋਰਟ ਦੀ ਸਰਨ ਲਈ ਹੈ ਕਿ ਪਹਿਲਾਂ ਉਹਨਾਂ ਨੂੰ ਪੱਕਾ ਕਰਕੇ ਹੀ ਅਗਲੀ ਭਰਤੀ ਕੀਤੀ ਜਾਵੇ। ਉਹਨਾਂ ਦੀ ਰਿਟ ਸੀ.ਡਬਲਿਯੂ.ਪੀ. 20050/2009 ਹਾਈਕੋਰਟ ਨੇ ਮਨਜ਼ੂਰ ਕਰ ਲਈ ਹੈ ਅਤੇ ਪੀ.ਟੀ.ਯੂ. ਨੂੰ 8.2.10 ਤੱਕ ਜਵਾਬ ਦੇਣ ਲਈ ਕਿਹਾ ਹੈ। ਜਦਕਿ ਪੀ.ਟੀ.ਯੂ. ਉਪਰ ਪਹਿਲਾਂ ਹੀ ਪਟੀਸ਼ਨ ਪਈ ਹੋਈ ਹੈ। ਜਿਹੜੀ ਕਿ ਰਸ਼ੀਦ ਅਹਿਮਦ ਨੇ ਪਾਈ ਹੋਈ ਹੈ, ਇਹ ਪਟੀਸ਼ਨ ਦਾਇਰ ਕਰਨ ਦੀ ਤਾਰੀਕ (ਬਾਕੀ ਸਫਾ 2 ’ਤੇ)

ਅੱਜ ਖੁੱਲ੍ਹਣਗੀਆਂ ਅਦਾਲਤਾਂ

ਚੰਡੀਗੜ੍ਹ, 3 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਦੀ ਸਮੂਹ ਅਦਾਲਤ 4 ਜਨਵਰੀ ਤੋਂ ਆਪਣਾ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ। ਇਹ ਸਮੂਹ ਅਦਾਲਤਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ’ਤੇ ਸਰਦੀਆਂ ਦੀਆਂ ਛੁੱਟੀਆਂ ਦੇ ਕਾਰਨ 25 ਦਸੰਬਰ ਤੋਂ 2 ਜਨਵਰੀ ਤੱਕ ਬੰਦ ਕੀਤੀਆਂ ਗਈਆਂ ਸਨ। ਇਹ ਜਾਣਕਾਰੀ ਜ਼ਿਲ੍ਹਾ ਬਾਰ ਐਸੋਸੀਏਸ਼ਨ ਫਰੀਦਕੋਟ ਦੇ ਪ੍ਰਧਾਨ ਅੰਮ੍ਰਿਤ ਬਾਂਸਲ ਤੇ ਸਕੱਤਰ ਨਵਦੀਪ ਜੋਤੀ ਨੇ ਅੱਜ ਵਿਸ਼ਵ ਵਾਰਤਾ ਨੂੰ ਦਿੰਦਿਆਂ ਦੱਸਿਆ ਕਿ ਛੁੱਟੀਆਂ ਦੇ ਦੌਰਾਨ ਬਹੁਤ ਜ਼ਰੂਰੀ ਕੰਮ ਲਈ ਮਾਣਯੋਗ ਸੈਸ਼ਨ ਜੱਜ ਅਤੇ ਵਧੀਕ ਸੀ.ਜੇ.ਐਮ. ਵੱਲੋਂ ਜ਼ਮਾਨਤ ਅਤੇ ਸਟੇਅ ਮਾਮਲੇ ਦੇਖੇ ਗਏ।

ਹਾਦਸੇ ’ਚ ਚਾਰ ਮਰੇ, 8 ਜ਼ਖ਼ਮੀ

ਬਲਾਚੌਰ, 3 ਜਨਵਰੀ (ਪ.ਪ.)-ਅੱਜ ਭਾਰੀ ਧੁੰਦ ਕਾਰਨ ਬਲਾਚੌਰ-ਰੋਪੜ ਸੜਕ ਮਾਰਗ ਨੇੜੇ ਪਿੰਡ ਬਣਾ ਲਾਗੇ ਇੱਕ ਟਾਟਾ ਸੂਮੋ ਨੰਬਰ ਪੀ.ਬੀ. 13 5714 ਟਰੱਕਟ ਨੰਬਰ ਪੀ.ਬੀ. 32 ਏ 2709 ਨਾਲ ਪਿੱਛੋਂ ਟਕਰਾਅ ਜਾਣ ਨਾਲ 4 ਟਾਟਾ ਸੂਮੋ ਸਵਾਰਾਂ ਦੀ ਮੌਤ ਹੋ ਗਈ ਤੇ 8 ਫੱਟੜ ਹੋ ਗਏ। ਜ਼ਖਮੀਆਂ ਨੂੰ ਥਾਣਾ ਕਾਠਗੜ੍ਹ ਦੀ ਪੁਲਿਸ ਅਤੇ ਪੈਟਰੋਲਿੰਗ ਗੱਡੀ ਨੇ ਫੱਟੜਾਂ ਨੂੰ ਸਿਵਲ ਹਸਪਤਾਲ ਰੋਪੜ ਵਿਖੇ ਦਾਖਲ ਕਰਵਾਇਆ। ਸੂਚਨਾ ਮਿਲਦੇ ਹੀ ਡੀ.ਐੱਸ.ਪੀ. ਜਗਮੋਹਨ ਸਿੰਘ ਥਾਣਾ ਕਾਠਗੜ੍ਹ ਦੇ ਮੁਖੀ ਵਿਨੋਦ ਕੁਮਾਰ, ਆਸਰੋ ਚੌਕੀ ਦੇ ਇੰਚਾਰਜ ਮਨੋਹਰ ਲਾਲ ਘਟਨਾ ਸਥਾਨ ’ਤੇ ਪਹੁੰਚ ਗਏ। ਟਾਟੂ ਸੂਮੋ ਸਵਾਰ ਪਿੰਡ ਪਨਿਆਲੀ ਕਲਾਂ ਤੋਂ ਦਵਾਈ ਲੈ ਕੇ ਵਾਪਸ ਪਰਤ ਰਹੇ ਸਨ। ਟਰੱਕ ਚਾਲਕ ਮਲਕੀਤ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਗਹਿਰਾ, ਥਾਣਾ ਹਾਜੀਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਰੁੱਧ ਧਾਰਾ 279, 304 (ਏ) 337/338 ਆਈ.ਪੀ.ਸੀ. ਅਧੀਨ ਕੇਸ ਕਾਠਗੜ੍ਹ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾਂ ਵਿੱਚ ਸਾਧੂ ਸਿੰਘ ਪੁੱਤਰ ਚਰਨ ਸਿੰਘ, ਜਗੀਰ ਕੌਰ ਪਤਨੀ ਬੰਤ ਸਿੰਘ, ਅਮਰਜੀਤ ਕੌਰ ਪਤਨੀ ਰਣਜੀਤ ਸਿੰਘ ਵਾਸੀ ਬਘਲੌਰ ਥਾਣਾ ਦਿੜ੍ਹਬਾ (ਸੰਗਰੂਰ), ਜਸਪਾਲ ਕੌਰ ਪਤਨੀ ਕਰਨੈਲ ਸਿੰਘ ਪਿੰਡ (ਬਾਕੀ ਸਫਾ 2 ’ਤੇ)

ਪੱਤਰਕਾਰਾਂ ਨੂੰ ਵਿਸ਼ੇਸ਼ ਸਹੂਲਤਾਂ ਦਾ ਤੋਹ.ਫਾ 13 ਅਪ੍ਰੈਲ ਤੱਕ-ਸੇਖਵਾਂ

ਜਲੰਧਰ, 3 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)-ਪੱਤਰਕਾਰਾਂ ਨੂੰ ਆਪਣੇ ਕਿੱਤੇ ਵਿਚ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਕੇ ਪੰਜਾਬ ਸਰਕਾਰ ਵਲੋਂ 13 ਅਪ੍ਰੈਲ ਤੱਕ ਉਨ੍ਹਾਂ ਨੂੰ ਵਿਸ਼ੇਸ਼ ਸਹੂਲਤਾਂ ਉਪਲਬੱਧ ਕਰਵਾਈਆਂ ਜਾਣਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ੍ਰ. ਸੇਵਾ ਸਿੰਘ ਸੇਖਵਾਂ ਲੋਕ ਸੰਪਰਕ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਐਕਰੀਡੇਸ਼ਨ ਕਮੇਟੀ ਦਾ ਗਠਨ ਕੀਤਾ ਜਾਵੇਗਾ ਤਾਂ ਜੋ ਪੱਤਰਕਾਰੀ ਦੇ ਕਿੱਤੇ ਨਾਲ ਜੁੜੇ ਪੇਸ਼ਾਵਰ ਪੱਤਰਕਾਰਾਂ ਨੂੰ ਐਕਰੀਡੇਸ਼ਨ ਕਾਰਡ ਤੇ ਹੋਰ ਸਹੂਲਤਾਂ ਉਲਬੱਧ ਕਰਵਾਈਆ ਜਾ ਸਕਣ। ਸ. ਸੇਖਵਾਂ ਅੱਜ ਇੱਥੇ ਪ੍ਰੈਸ ਕਲੱਬ ਜਲੰਧਰ ਵਿਖੇ ਪ੍ਰੈਸ ਕਲੱਬ ਵੱਲੋਂ ਉਨ੍ਹਾਂ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਬਣਨ ਤੇ ਸਨਮਾਨ ਕਰਨ ਸਬੰਧੀ ਰੱਖੇ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੀ ਐਕਰੀਡੇਸ਼ਨ ਕਮੇਟੀ ਦੇ ਗਠਨ ਸਬੰਧੀ ਉਹ ਜਲਦੀ ਹੀ ਅਖਬਾਰਾਂ ਦੇ ਮਾਲਕਾਂ, ਪੱਤਰਕਾਰ ਭਾਈਚਾਰੇ ਦੇ (ਬਾਕੀ ਸਫਾ 2 ’ਤੇ)

ਫਾਸਟ ਟਰੈਕ ਕੋਰਟਾਂ ਛੇਤੀ

ਜਲੰਧਰ, 3 ਜਵਨਰੀ (ਮਲਕੀਤ ਸਿੰਘ ਬਰਾੜ, ਹਰਪ੍ਰੀਤ ਸਿੰਘ ਲੇਹਿਲ) ਪ੍ਰਵਾਸੀ ਭਾਰਤੀਆਂ ਦੇ ਕੇਸਾਂ ਦੇ ਨਿਪਟਾਰੇ ਵਾਸਤੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਫਾਸਟ ਟਰੈਕ ਅਦਾਲਤਾਂ ਸਥਾਪਿਤ ਕੀਤੀਆਂ ਜਾਣਗੀਆਂ (ਬਾਕੀ ਸਫਾ 2 ’ਤੇ)

ਆਸਟ੍ਰੇਲੀਆ ’ਚ ਪੰਜਾਬੀ ਨੌਜਵਾਨ ਦੀ ਹੱਤਿਆ

ਮੈਲਬੌਰਨ, 3 ਜਨਵਰੀ (ਵਿਸ਼ਵ ਵਾਰਤਾ)-ਆਸਟ੍ਰੇਲੀਆ ਵਿਚ ਅਣਪਛਾਤੇ ਹਮਲਾਵਰਾਂ ਨੇ ਇਕ ਭਾਰਤੀ ਵਿਦਿਆਰਥੀ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ। ਆਸਟ੍ਰੇਲੀਆ ਦੀ ਸਥਾਈ ਨਾਗਰਿਕਤਾ ਪਾ ਚੁੱਕੀ ਪੰਜਾਬ ਦੇ 21 ਸਾਲਾ ਨੌਜਵਾਨ ਨਿਤਿਨ ਗਰਗ ’ਤੇ ਅੱਜ ਹਮਲਾ ਕੀਤਾ ਗਿਆ। ਉਹ ਕੰਮ ’ਤੇ ਜਾ ਰਿਹਾ ਸੀ। ਇਸ ਹਮਲੇ ਨਾਲ ਉਸ ਦੀ ਮੌਤ ਹੋ ਗਈ। ਆਸਟ੍ਰੇਲੀਆ ਵਿਚ ਭਾਰਤੀ ਭਾਈਚਾਰੇ ’ਤੇ ਹੁਣ ਤੱਕ ਹੋਏ ਹਮਲਿਆਂ ਵਿਚੋਂ ਕਿਸੇ ਦੀ ਮੌਤ ਹੋ ਜਾਣ ਦਾ ਇਹ ਪਹਿਲਾ (ਬਾਕੀ ਸਫਾ 2 ’ਤੇ)

ਨਰੋਈ ਸਿਹਤ ਲਈ ਚੰਗੀਆਂ ਆਦਤਾਂ ਜ਼ਰੂਰੀ-ਬਾਬਾ ਕਸ਼ਮੀਰਾ ਸਿੰਘ

- 145ਵੇਂ ਮੁਫ਼ਤ ਕੈਂਪ ’ਚ 38 ਮਰੀਜਾਂ ਦੀ ਜਾਂਚ
- ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀ ਕੱਲ੍ਹ

ਜਲੰਧਰ, 3 ਜਨਵਰੀ (ਮਲਕੀਤ ਸਿੰਘ ਬਰਾੜ) ਜਿੰਦਗੀ ਜਿਉਣ ਲਈ ਜੀਵਨ ’ਚ ਅਨੁਸ਼ਾਸਨ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਹਰ ਮਨੁੱਖ ਨੂੰ ਖੁੱਦ ਇੱਕ ਚੰਗਾ ਜੀਵਨ ਢੰਗ ਬਨਾਉਣ ਚਾਹੀਦਾ ਹੈ ਅਤੇ ਚੰਗੀਆਂ ਆਦਤਾਂ ਅਪਨਾਉਣੀਆਂ ਚਾਹੀਦੀਆਂ ਹਨ। ਇਸ ਨਾਲ ਹੀ ਸਿਹਤ ਨੂੰ ਨਰੋਈ ਰੱਖਿਆ ਜਾ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਐੱਸ. ਜੀ. ਐੱਲ. ਚੈਰੀਟੇਬਲ ਹਸਪਤਾਲ ਗੜ੍ਹਾ ਦੇ ਫਾਊਡਰ ਚੇਅਰਮੈਨ ਬਾਬਾ ਕਸ਼ਮੀਰਾ ਸਿੰਘ ਜੀ ਨੇ ਇਸ ਹਸਪਤਾਲ ’ਚ ਲਗਾਏ ਗਏ ਅੱਖਾਂ ਦੇ 145ਵੇਂ ਫਰੀ ਚੈੱਕਅਪ ਅਤੇ ਅਪ੍ਰੇਸ਼ਨ ਕੈਂਪ ਦਾ ਉਦਘਾਟਨ ਕਰਨ ਮਗਰੋਂ ਕੀਤਾ। ਬਾਬਾ ਜੀ ਨੇ ਅੱਗੇ ਕਿਹਾ ਕਿ ਬਹੁਤੀਆਂ ਬਿਮਾਰੀਆਂ ਦੀ ਸੁਰੂਆਤ ਖਾਣ-ਪੀਣ ਦੀਆਂ ਗੱਲਤ ਆਦਲਤਾਂ ਤੋਂ ਹੁੰਦੀ ਹੈ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਖਾਣ-ਪੀਣ ਦੀਆਂ ਆਦਤਾਂ ਨੂੰ ਠੀਕ ਕਰਕੇ ਸੰਭਾਵਤ ਬਿਮਾਰੀਆਂ ਤੋਂ ਬੱਚਿਆ ਜਾਵੇ। ਅੱਜ ਦੇ ਮੁਫਤ ਕੈਂਪ (ਬਾਕੀ ਸਫਾ 2 ’ਤੇ)

ਬਲੌਂਗੀ ਦੇ ਕਤਲ ਦਾ ਪਰਚਾ ਸੱਜਣ ਕੁਮਾਰ ਖਿਲਾਫ ਦਰਜ ਹੋਵੇ

ਜਲੰਧਰ, 3 ਜਨਵਰੀ (ਅ.ਬ.)-ਸਿੱਖ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਬੂਤਾਂ ਸਹਿਤ ਸਰਕਾਰ ਅਤੇ ਨਿਆਂ ਪਾਲਿਕਾ ਪਾਸੋਂ ਉਪਰੋਕਤ ਮੰਗ ਕਰਦਿਆਂ ਕਿਹਾ ਕਿ ਹੈ ਕਿ 1 ਨਵੰਬਰ 1984 ਨੂੰ ਕਾਂਗਰਸੀ ਨੇਤਾ ਸੱਜਣ ਕੁਮਾਰ ਦੀ ਅਗਵਾਈ ਵਿੱਚ ਆਏ ਹਜੂਮ ਨੇ ਜਿਸ ਵਿੱਚ ਪ੍ਰਮੁੱਖ ਤੌਰ ਤੇ ਰਾਧੇ ਸ਼ਿਆਮ, ਪ੍ਰਕਾਸ਼ ਚੌਧਰੀ, ਸੁਭਾਸ਼ ਸ਼ਰਮਾ, ਸਤਬੀਰ ਚੌਧਰੀ ਸ਼ਾਮਲ ਸਨ, ਨੇ ਗੁਰਚਰਨ ਸਿੰਘ ਪੁੱਤਰ ਨਾਥ ਸਿੰਘ ਗੁਲਾਬ ਸਿੰਘ ਬਾਗ ਕਾਲੋਨੀ ਪਿੰਡ ਨਵਾਦਾ ਨਜਫਗੜ੍ਹ ਰੋਡ ਨਵੀਂ ਦਿੱਲੀ ਨੂੰ ਉਸ ਦੇ ਆਪਣੇ ਟਰੱਕ ਡੀ.ਐੱਲ. 8770 ਨੂੰ ਅੱਗ ਲਗਾ ਕੇ ਉਸ ਦੇ ਵਿੱਚ ਸੁੱਟ ਦਿੱਤਾ ਸੀ, ਜਦ ਕਿ ਉਸ ਦੇ ਮਾਮਲੇ ਸ੍ਰ. ਸੰਤੋਖ ਸਿੰਘ ਜੋ ਕਿ ਉਤਰ ਪ੍ਰਦੇਸ਼ ਤੋਂ ਗੁਰਚਰਨ ਸਿੰਘ ਦੇ ਪਰਿਵਾਰ ਨੂੰ ਮਿਲਣ ਆਇਆ ਸੀ, ਨੂੰ ਮਾਰ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਗੁਰਚਰਨ ਸਿੰਘ ਦੇ ਭਰਾ ਮਨਜੀਤ ਸਿੰਘ, ਤੇਜਿੰਦਰ ਸਿੰਘ ਸਮੇਤ ਪਰਿਵਾਰ ਦੇ ਕਈ ਮੈਂਬਰ ਬੁਰੀ ਤਰ੍ਹਾਂ ਫੱਟੜ ਹੋ ਗਏ ਸਨ। ਗੁਰਚਰਨ ਸਿੰਘ ਜਿਸ ਨੂੰ ਕਿ ਉਸ ਦੇ ਪੜੋਸੀਆਂ ਵਿੱਚੋਂ ਇੱਕ ਲੜਕੇ ਨੇ ਟਰੱਕ ਵਿੱਚੋਂ ਕੱਢ ਕੇ ਬਚਾ ਲਿਆ ਸੀ, ਜਦ ਕਿ ਗੁਰਚਰਨ ਸਿੰਘ ਦਾ 70 ਫੀਸਦੀ ਤੋਂ ਵੱਧ ਸਰੀਰ ਜਲ ਚੁੱਕਾ ਸੀ। ਗੁਰਚਰਨ ਸਿੰਘ ਲਗਾਤਾਰ 24 ਸਾਲ ਮੰਜੇ ਤੇ ਪਿਆ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਅਖੀਰ 17 ਫਰਵਰੀ 2009 ਨੂੰ ਮੁਹਾਲੀ ਨਜ਼ਦੀਕ ਪਿੰਡ ਬਲੌਂਗੀ ਵਿਖੇ ਸਵਰਗਵਾਸ ਹੋ ਗਿਆ ਸੀ। ਅੱਜ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨਵੰਬਰ 1984 ਸਿੱਖ ਕਤਲੇਆਮ ਦੀ ਪੈਰਵੀ ਕਰ ਰਹੇ ਪ੍ਰਸਿੱਧ ਐਡਵੋਕੇਟ ਸ੍ਰ. ਨਵਕਿਰਨ ਸਿੰਘ ਚੀਫ ਕੌਂਸਲ ਸਿੱਖਸ਼ ਫਾਰ ਜਸਟਿਸ (ਬਾਕੀ ਸਫਾ 2 ’ਤੇ)

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗੱਤਕਾ ਵਰਲਡ ਕੱਪ-2010 ਦੀਆਂ ਵਿਸ਼ਵ ਪੱਧਰੀ ਤਿਆਰੀਆਂ ਆਰੰਭ-ਧਨੋਆ

ਜਲੰਧਰ, 3 ਜਨਵਰੀ (ਪ.ਪ.)-ਗੁਰਦੁਆਰਾ ਬਾਬਾ ਲੋਧੀਆਣਾ ਸਾਹਿਬ ਪਿੰਡ ਪਰਸਰਪਰ ਜ਼ਿਲ੍ਹਾ ਜਲੰਧਰ ਵਿਖੇ ਸ੍ਰ. ਹਰਜਿੰਦਰ ਸਿੰਘ ਧਨੋਆ ਉੱਘੇ ਖੇਡ ਪ੍ਰਮੋਟਰ ਅਤੇ ਸਮਾਜ ਸੇਵੀ ਵੱਲੋਂ ਖੇਡਾਂ ਦੇ ਨਾਲ-ਨਾਲ ਗੱਤਕੇ ਨੂੰ ਵੀ ਹੋਰ ਪ੍ਰਫੁਲਿਤ ਕਰਨ ਲਈ ਕੀਤੇ ਉਪਰਾਲੇ ਸਦਕਾ ਸਾਰੇ ਭਾਰਤ ਤੋਂ ਸਿੱਖ ਸ਼ਸਤਰ ਵਿੱਦਿਆ ਨਾਲ ਜੁੜੀਆਂ ਪ੍ਰਮੁੱਖ ਸੰਸਥਾਵਾਂ, ਸਿੱਖ ਸੰਗਤਾਂ ਅਤੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਨੁਮਾਇੰਦੇ ਅਹੁਦੇਦਾਰ ਵਿਸ਼ੇਸ਼ ਤੌਰ ’ਤੇ ਪੁੱਜੇ। ਇਸ ਮੀਟਿੰਗ ਦੇ ਉਪਰਾਲੇ ਸਦਕਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗੱਤਕਾ ਵਰਲਡ ਕੱਪ ਦਸੰਬਰ 2010 ਨੂੰ ਜਲੰਧਰ ਵਿੱਚ ਕਰਨ ਦਾ ਫੈਸਲਾ ਲਿਆ ਗਿਆ। ਇਸ ਮਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਵਿਚਾਰ ਵਟਾਂਦਰੇ ਹੋਏ, ਜਿਸ ਵਿੱਚ ਜੋ ਗਤਕੇ ਦਾ ਵਰਲਡ ਕੱਪ ਹੋਣ ਜਾ ਰਿਹਾ ਹੈ, ਉਸ ਦੇ ਵਾਸਤੇ ਜੋ ਰੈਫਰੀ ਜੱਜ ਅਤੇ ਕਾਨੂੰਨੀ ਕਾਰਵਾਈਆਂ ਉਚੇ ਵਿਚਾਰ ਵਟਾਂਦਰੇ ਹੋਏ, ਮੀਟਿੰਗ ਦੌਰਾਨ ਸ੍ਰ. ਸੁਰਿੰਦਰ ਸਿੰਘ ਭਾਟੀਆ, ਮਨਜੀਤ ਸਿੰਘ (ਬਾਕੀ ਸਫਾ 2 ’ਤੇ)

ਹੁਣ ਸੰਸਦ ਜਾਣ ਤੋਂ ਪਹਿਲਾਂ ਪੂਰੇ ਸਰੀਰ ਦੀ ਹੋਵੇਗੀ ਸਕੈਨਿੰਗ

ਨਵੀਂ ਦਿੱਲੀ 3 ਜਨਵਰੀ (ਵਿਸ਼ਵ ਵਾਰਤਾ)-ਦੇਸ਼ ਦੀ ਸਰਵ ਉਚ ਪੰਚਾਇਤ ਦੀ ਸੁਰੱਖਿਆ ਦੇ ਮੱਦੇਨਜ਼ਰ ਸੰਸਦ ਵਿਚ ਛੇਤੀ ਹੀ ਪੂਰੇ ਸਰੀਰ ਅਤੇ ਵਾਹਨਾਂ ਦਾ ਸਕੈਨਿੰਗ ਕਰਨ ਵਾਲੇ ਸਕੈਨਰ ਲਗਾਏ ਜਾ ਸਕਦੇ ਹਨ। ਬੇਹੱਦ ਉਚ ਸੁਰੱਖਿਆ ਵਾਲੇ ਸੰਸਦ ਕੰਪਲੈਕਸ ਵਿਚ ਸੁਰੱਖਿਆ ਵਿਵਸਥਾ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਬਣਾਉਣ ਦੇ ਲਿਹਾਜ਼ ਨਾਲ ਇਸ ਵਿਵਸਥਾ ਉਤੇ ਵਿਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸੰਸਦ ਭਵਨ ਵਿਚ ਸਾਲ 2001 ਵਿਚ ਹੋਏ ਅੱਤਵਾਦੀ ਹਮਲਿਆਂ ਤੋਂ ਬਾਅਦ ਸਮੁੱਚੇ ਕੰਪਲੈਕਸ (ਬਾਕੀ ਸਫਾ 2 ’ਤੇ)

ਕਪਾਹ ਮਿੱਲਾਂ ਵੱਲੋਂ ਨਰਮਾ ਖਰੀਦਣ ਦਾ ਬਾਈਕਾਟ ਜਾਰੀ ਰਹੇਗਾ

ਅੱਜ ਬਠਿੰਡਾ ’ਚ ਕੀਤੀ ਜਾਵੇਗੀ ਰੋਸ ਰੈਲੀ

ਜੈਤੋ, 3 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਕਾਟਨ ਜਿਨਿੰਗ ਪ੍ਰਾਸੈਸਿੰਗ ਐਸੋਸੀਏਸ਼ਨ ਦੇ ਪ੍ਰਧਾਨ ਭਗਵਾਨ ਬਾਂਸਲ, ਜਨਰਲ ਸਕੱਤਰ ਹਰਜੀਤ ਸਿੰਘ ਮੱਕੜ ਤੇ ਕਾਰਜਕਾਰਨੀ ਮੈਂਬਰ ਮਹੇਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਦੀਆਂ ਸਮੂਹ 450 ਕਾਟਨ ਫੈਕਟਰੀਆਂ ਸੋਮਵਾਰ ਨੂੰ ਵੀ ਕਪਾਹ ਮੰਡੀਆਂ ਦਾ ਬਾਈਕਾਟ ਜਾਰੀ ਰੱਖਣਗੀਆਂ ਅਤੇ 4 ਜਨਵਰੀ ਨੂੰ ਅਨਾਜ ਮੰਡੀ ਬਠਿੰਡਾ ਵਿਖੇ ਵਿਸ਼ਾਲ ਧਰਨਾ ਅਤੇ ਰੈਲੀ ਕੀਤੀ ਜਾ ਰਹੀ ਹੈ। ਐਸੋਸੀਏਸ਼ਨ ਦੇ ਪ੍ਰਧਾਨ ਬਾਂਸਲ ਨੇ ਕਿਹਾ ਕਿ ਰਾਜ ਸਰਕਾਰ ਨੇ ਮੈਗਾ ਪ੍ਰਾਜੈਕਟਾਂ ਨੂੰ ਕਪਾਹ ਦੀ ਖਰੀਦ ’ਤੇ 6 ਪ੍ਰਤੀਸ਼ਤ ਟੈਕਸਾਂ ਦੀ ਛੋਟ ਦੇਣ ਸਮੇਂ ਸੂਬੇ ਦੀਆਂ ਛੋਟੀਆਂ 450 ਕਾਟਨ ਫੈਕਟਰੀਆਂ ਦੇ ਭਵਿੱਖ ਬਾਰੇ ਪੂਰੀ ਤਰ੍ਹਾਂ ਅਣਦੇਖੀ ਕੀਤੀ ਗਈ ਹੈ, ਜਿਸ ਕਾਰਨ ਅੱਜ ਸੂਬੇ ਦੇ ਸਮੂਹ ਕਾਟਨ ਫੈਕਟਰੀਆਂ ਨਾਲ ਜੁੜੇ ਸਮੂਹ ਲੋਕਾਂ ਵਿਚ ਸਰਕਾਰ ਪ੍ਰਤੀ ਵਿਆਪਕ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੈਗਾ ਪ੍ਰਾਜੈਕਟਾਂ ਨੂੰ ਇਹ ਛੋਟ ਦੇਣ ਤੋਂ ਪਹਿਲਾਂ ਕਾਟਨ ਫੈਕਟਰੀ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਸੀ। ਪਰ ਸਰਕਾਰ ਨੇ (ਬਾਕੀ ਸਫਾ 2 ’ਤੇ)

ਫਰਾਂਸ ਤੋਂ ਨਵੇਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਅੱਜ ਦੀ ਆਵਾਜ਼ ਵੱਲੋਂ ਫਰਾਂਸ ਤੋਂ ਰਿਪੋਰਟਿੰਗ ਲਈ ਬੀਬੀ ਹਰਪ੍ਰੀਤ ਕੌਰ ਨੂੰ ਪੱਤਰਕਾਰ ਨਿਯੁਕਤ ਕੀਤਾ ਗਿਆ ਹੈ। ਸਮੂਹ ਜਥੇਬੰਦੀਆਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਬੀਬੀ ਜੀ ਨੂੰ ਸਹਿਯੋਗ ਦੇਣ। ਬੀਬੀ ਜੀ ਦਾ ਸੰਪਰਕ ਪਤਾ ਇਸ ਤਰ੍ਹਾਂ ਹੈ।

HARPREET KAUR, 4RUE HENRIFABRI, 95190 GOUSSAINVILLE, FRANCE
E-MAIL-HARPREET--KAUR@HOTMAIL.FR
PHONE RESI.0033 139 33 8772

ਨਵੇਂ ਵਰ੍ਹੇ ’ਤੇ ਮਾਨਸਾ ਸਪਲੀਮੈਂਟ 5 ਨੂੰ

ਨਵੇਂ ਸਾਲ ਦੀ ਖੁਸ਼ੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਕਾਸ਼ ਉਤਸਵ ਮੌਕੇ ਅਦਾਰਾ ਅੱਜ ਦੀ ਆਵਾਜ਼ ਵੱਲੋਂ ਮਾਨਸਾ ਮੰਡੀ ਬਾਰੇ ਇੱਕ ਵਿਸ਼ੇਸ਼ ਸਪਲੀਮੈਂਟ ਛਾਪਿਆ ਜਾ ਰਿਹਾ ਹੈ। ਇਸ ਸਪਲੀਮੈਂਟ ’ਚ ਇਸ਼ਤਿਹਾਰ, ਸੰਦੇਸ਼ ਅਤੇ ਹੋਰ ਛੱਪਣਯੋਗ ਸਮਗਰੀ ਦੇਣ ਲਈ ਮਾਨਸਾ ਤੋਂ ਅੱਜ ਦੀ ਆਵਾਜ਼ ਦੇ ਵਿਸ਼ੇਸ਼ ਪ੍ਰਤੀਨਿਧ ਸ੍ਰੀ ਸੁਰਿੰਦਰ ਸਿੰਘ ਮਾਨ ਨਾਲ ਮੋਬਾ. 98150-70009 ’ਤੇ ਸੰਪਰਕ ਕੀਤਾ ਜਾ ਸਕਦਾ ਹੈ। -ਮੈਨੇਜਰ

ਫੋਕਸ — ਵਿਸ਼ੇਸ਼ ਸੰਪਾਦਕੀ ਟਿੱਪਣੀ

ਡਾ. ਬਰਜਿੰਦਰ ਸਿੰਘ ਹਮਦਰਦ ਦੀ ਨਵੀਂ ਪਹਿਲਕਦਮੀ ਨਾਲ ਉਮੀਦਾਂ ਜਾਗੀਆਂ

-ਬਲਜੀਤ ਸਿੰਘ ਬਰਾੜ-

ਰੋਜ਼ਾਨਾ ‘ਅਜੀਤ’ ਅਖਬਾਰ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਵੱਲੋਂ ਪੰਜਾਬ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦੇ ਟਾਕਰੇ ਲਈ ਪੱਤਰਕਾਰਤਾ ਦੇ ਸਰੂਪ ਨੂੰ ਬਦਲਣ ਅਤੇ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਸਰੋਕਾਰ ਨਾਲ ਜੋੜਨ ਦੀ ਪਹਿਲ ਨਾਲ ਨਵੀਆਂ ਉਮੀਦਾਂ ਜਾਗ ਪਈਆਂ ਹਨ। ਪੰਜਾਬ ਇਸ ਸਮੇਂ ਬਹੁਪੱਖੀ ਸੰਕਟ ਵਿੱਚ ਘਿਰਿਆ ਹੋਇਆ ਹੈ। ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਅਜੀਤ ਦੇ ਮੁੱਖ ਸੰਪਾਦਕ ਵੱਲੋਂ ਲਈ ਗਈ ਇਸ ਪਹਿਲਕਦਮੀ ਦਾ ਖਿੱਤੇ ਦੀ ਪੱਤਰਕਾਰਤਾ ਅਤੇ ਲੋਕ ਮਾਨਸਿਕਤਾ ਉੱਤੇ ਡੂੰਘਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ‘ਅਜੀਤ’ ਦਾ ਪੰਜਾਬੀ ਪੱਤਰਕਾਰੀ ਅਤੇ ਪੰਜਾਬ ਦੀ ਉਸਾਰੀ ਵਿੱਚ ਵੱਡਾ ਅਤੇ ਅਹਿਮ ਯੋਗਦਾਨ ਰਿਹਾ ਹੈ। ‘ਅਜੀਤ’ ਦੇ ਬਾਨੀ ਅਤੇ ਆਪਣੇ ਪਿਤਾ ਡਾ. ਸਾਧੂ ਸਿੰਘ ਹਮਦਰਦ ਵਾਂਗ ਹੀ ਡਾ. ਬਰਜਿੰਦਰ ਸਿੰਘ ਹਮਦਰਦ ਪੱਤਰਕਾਰਤਾ ਨੂੰ ਉਸਾਰੂ ਪਾਸੇ ਲੈ ਜਾਣ ਅਤੇ ਪੰਜਾਬ ਦੇ ਹਿੱਤਾਂ ਦੀ ਪੈਰਵੀ ਕਰਨ ਲਈ ਹਮੇਸ਼ਾਂ ਅੱਗੇ ਰਹੇ ਹਨ। ਸ਼ਨਿੱਚਰਵਾਰ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਡਾ. ਸਾਧੂ ਸਿੰਘ ਹਮਦਰਦ ਦਾ ਜਨਮ ਦਿਹਾੜਾ ਸੀ। ਇਸ ਮੌਕੇ ’ਤੇ ਅਦਾਰਾ ‘ਅਜੀਤ’ ਵੱਲੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਰੱਖੇ ਗਏ ਸਮਾਗਮ ਨੂੰ ਡਾ. ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬ ਦੇ ਸਰੋਕਾਰਾਂ ਨਾਲ ਜੋੜ ਕੇ ਵੱਡੀ ਪਹਿਲ ਲਈ ਹੈ। ਉਨ੍ਹਾਂ ਨੇ ਇਸ ਮੌਕੇ ’ਤੇ ਅਜੀਤ ਪਰਿਵਾਰ ਦੇ ਸਮੁੱਚੇ ਮੈਂਬਰਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ ਪ੍ਰੇਰਿਆ ਹੈ ਕਿ ਉਹ ਪੰਜਾਬ ਅਤੇ ਪੰਜਾਬੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਨਾਲ ਜੁੜਨ ਅਤੇ ਪੱਤਰਕਾਰਤਾ ਦੇ ਹੱਥਿਆਰ ਨਾਲ ਇਸ ਦੇ ਹੱਲ ਲਈ ਯਤਨ ਕਰਨ। ਉਨ੍ਹਾਂ ਦੀ ਇਸ ਪਹਿਲ ਨੂੰ ਸਾਰੇ ਖੇਤਰਾਂ ਵਿੱਚੋਂ ਚੰਗਾ ਹੁੰਗਾਰਾ ਮਿਲਿਆ ਹੈ। ਇਹ ਬੇਹੱਦ ਸ਼ਲਾਘਾਯੋਗ ਗੱਲ ਹੈ ਕਿ ਉਨ੍ਹਾਂ ਨੇ ਪਰਿਵਾਰਕ ਅਤੇ ਨਿੱਜੀ ਸਮਾਗਮ ਨੂੰ ਪੰਜਾਬ ਦੇ ਸਰੋਕਾਰਾਂ ਨਾਲ ਜੋੜ ਕੇ ਇੱਕ ਨਵੀਂ ਪਿਰਤ ਪਾਈ ਹੈ। ਇਸ ਪਹਿਲਕਦਮੀ ਦੇ ਕਾਫੀ ਦੂਰ ਰਸ ਸਿੱਟੇ ਨਿਕਲਣ ਦੀ ਉਮੀਦ ਕੀਤੀ ਜਾ ਰਹੀ ਹੈ। ਅਜੀਤ ਅਤੇ ਡਾ. ਬਰਜਿੰਦਰ ਸਿੰਘ ਹਮਦਰਦ ਦਾ ਪੰਜਾਬੀ ਸਮਾਜ ਦੇ ਇੱਕ ਵੱਡੇ ਹਿੱਸੇ ’ਤੇ ਡੂੰਘਾ ਪ੍ਰਭਾਵ ਹੈ। ਇਹ ਆਸਾ ਰੱਖਣੀ ਚਾਹੀਦੀ ਹੈ ਕਿ ਉਹ ਇਸ ਪ੍ਰਭਾਵ ਦੀ ਵਰਤੋਂ ਨਾਲ ਮੌਜੂਦਾ ਸੰਕਟਾਂ ਦੇ ਨਿਪਟਾਰੇ ਲਈ ਜ਼ਰੂਰ ਕੋਈ ਰਸਤਾ ਕੱਢ ਲੈਣਗੇ। ਦੇਸ਼ ਵਿੱਚ ਵਿਕਾਸ ਦੇ ਇੱਕ ਆਦਰਸ਼ ਵੱਜੋਂ ਪਹਿਚਾਣ ਰੱਖਣ ਵਾਲਾ ਪੰਜਾਬ ਅੱਜ ਆਪਣੇ ਆਪ ਵਿੱਚ ਉਖੜਿਆ ਪਿਆ ਹੈ। ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿੱਚ ਮੋਹਰੀ ਪੰਜਾਬ ਅੱਜ ਛੇਵੇਂ ਸਥਾਨ ’ਤੇ ਪਹੁੰਚ ਗਿਆ ਹੈ। ਖਦਸ਼ਾ ਹੈ ਕਿ ਜੇਕਰ ਇਸ ਮਾਮਲੇ ਵਿੱਚ ਫੌਰੀ ਯਤਨ ਨਾ ਆਰੰਭੇ ਗਏ ਤਾਂ ਪੰਜਾਬ ਪ੍ਰਤੀ ਜੀਅ ਆਮਦਨ ਪੱਖੋਂ ਦੇਸ਼ ਵਿੱਚ ਨੌਵੇਂ ਸਥਾਨ ’ਤੇ ਚੱਲਾ ਜਾਵੇਗਾ। ਪੰਜਾਬ ਸਲਾਨਾ ਵਿਕਾਸ ਦਰ ਦੇ ਮਾਮਲੇ ਵਿੱਚ ਵੀ ਪੱਛੜ ਗਿਆ ਹੈ। ਦੇਸ਼ ਦੀ ਵਿਕਾਸ ਦਰ ਇਸ ਸਮੇਂ 6 ਤੋਂ 7 ਫੀਸਦੀ ਦੇ ਆਸ-ਪਾਸ ਹੈ, ਜਦੋਂਕਿ ਇਸ ਦੇ ਮੁਕਾਬਲੇ ਪੰਜਾਬ ਦੀ ਸਲਾਨਾ ਵਿਕਾਸ ਦਰ ਮਹਿਜ 2 ਤੋਂ 4 ਫੀਸਦੀ ਦੇ ਵਿਚਕਾਰ ਤੱਕ ਆ ਪੁੱਜੀ ਹੈ। ਪੰਜਾਬ ਵਿੱਚ ਵਿੱਦਿਅਕ (ਬਾਕੀ ਸਫਾ 2 ’ਤੇ)

ਡਾ. ਬਰਜਿੰਦਰ ਸਿੰਘ ਹਮਦਰਦ ਮੁੱਖ ਸੰਪਾਦਕ ਰੋਜ਼ਾਨਾ ਅਜੀਤ, ਜਲੰਧਰ

ਖੁੱਲ੍ਹਾ ਸੱਦਾ ਖੁੱਲ੍ਹਾ ਸੱਦਾ ਖੁੱਲ੍ਹਾ ਸੱਦਾ

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪੇ ਮਿਟਨੇਂ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ,

22ਵੀਂ ਸਲਾਨਾ ਬਰਸੀ

ਅਮਰ ਸ਼ਹੀਦ ਚੌਧਰੀ ਜਗਤ ਰਾਮ ਜੀ ਸੂੰਢ ਸਾਬਕਾ ਮੰਤਰੀ ਅਤੇ ਮੀਤ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ 22ਵੀਂ ਸਾਲਾਨਾ ਬਰਸੀ **4 ਜਨਵਰੀ ਦਿਨ ਸੋਮਵਾਰ ਨੂੰ ਅਨਮੋਲ ਪੈਲੇਸ, ਫਗਵਾੜਾ ਰੋਡ, ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)** ਵਿਖੇ ਸਵੇਰੇ 11 ਵਜੇ ਮਨਾਈ ਜਾ ਰਹੀ ਹੈ। ਸਭ ਨੂੰ ਇਸ ਸਮਾਗਮ ਦੌਰਾਨ ਪੁੱਜਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਹੁੰਮ-ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਚੌਧਰੀ ਜਗਤ ਰਾਮ ਸੂੰਢ
ਸਾਬਕਾ ਮੰਤਰੀ ਤੇ ਮੀਤ ਪ੍ਰਧਾਨ ਪ੍ਰਦੇਸ਼, ਕਾਂਗਰਸ

ਜਾਰੀ ਕਰਤਾ
ਚੌਧਰੀ ਤਰਲੋਚਨ ਸਿੰਘ ਸੂੰਢ, ਸਾਬਕਾ ਵਿਧਾਇਕ ਬੰਗਾ
ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ
ਸੰਪਰਕ 98143-40333